**Department of**
**Development of Punjabi Language**
**Punjabi University**
**Patiala**

PUNJABI UNIVERSITY PATIALA

(Established under Punjab Act No. 35 of 1961)

**ਪੰਜਾਬੀ ਭਾਸ਼ਾ ਵਿਕਾਸ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**
☎ 0175-3046460, 3046461 (O)
E.mail : headofdpd@gmail.com

**ਪਰਮਿੰਦਰਜੀਤ ਕੌਰ (ਡਾ.)**
ਮੁਖੀ,
ਪੰਜਾਬੀ ਭਾਸ਼ਾ ਵਿਕਾਸ ਵਿਭਾਗ
9501224000 (ਮੋਬਾ.)
0175-5136460 (ਦਫ਼ਤਰ)

**ਅ.ਸ.ਪ.ਨੰਬਰ:** 24/3/4/3
**ਮਿਤੀ:** 07-11-2023

ਮੈਨੂੰ ਆਪ ਜੀ ਨਾਲ ਇਹ ਜਾਣਕਾਰੀ ਸਾਂਝੀ ਕਰਦਿਆਂ ਅਥਾਹ ਖ਼ੁਸ਼ੀ ਹੋ ਰਹੀ ਹੈ ਕਿ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਹਰ ਸਾਲ ਕਰਵਾਈ ਜਾਂਦੀ **ਪੰਜਾਬੀ ਵਿਕਾਸ ਕਾਨਫ਼ਰੰਸ ਦੀ ਲੜੀ** ਤਹਿਤ **35ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫ਼ਰੰਸ** ਮਿਤੀ **05-07 ਦਸੰਬਰ 2023** ਨੂੰ ਯੂਨੀਵਰਸਿਟੀ ਕੈਂਪਸ ਵਿਖੇ ਆਯੋਜਿਤ ਕੀਤੀ ਜਾ ਰਹੀ ਹੈ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਸਰਬ-ਪੱਖੀ ਵਿਕਾਸ ਨੂੰ ਸਮਰਪਿਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਆਪਣੀਆਂ ਅਕਾਦਮਿਕ ਸਰਗਰਮੀਆਂ ਦੇ ਨਾਲ-ਨਾਲ ਸਮਕਾਲੀ ਪੰਜਾਬੀ ਸਮਾਜ ਨੂੰ ਦਰਪੇਸ਼ ਚੁਣੌਤੀਆਂ ਬਾਰੇ ਗੰਭੀਰ ਵਿਚਾਰ ਚਰਚਾ ਲਈ ਨਿਰੰਤਰ ਯਤਨਸ਼ੀਲ ਹੈ।

ਪੰਜਾਬ ਦੇ ਮੌਜੂਦਾ ਦ੍ਰਿਸ਼ ਵਿੱਚ ਅਨੇਕਾਂ ਮਸਲੇ ਹਨ ਜੋ ਚਿੰਤਾ ਦੇ ਨਾਲ-ਨਾਲ ਚਿੰਤਨ ਦੀ ਮੰਗ ਵੀ ਕਰਦੇ ਹਨ। ਕਿਸਾਨਾਂ ਨਾਲ ਜੁੜੀਆਂ ਸਮੱਸਿਆਵਾਂ, ਪਰਵਾਸ ਦੀ ਹੋੜ, ਨਸ਼ਾਖੋਰੀ, ਬੇਰੁਜ਼ਗਾਰੀ, ਪ੍ਰਦੂਸ਼ਿਤ ਵਾਤਾਵਰਨ ਤੇ ਆਲਮੀ ਤਪਸ਼, ਘਟ ਰਹੇ ਪਾਣੀ, ਸੜਕੀ ਹਾਦਸੇ, ਪਹੁੰਚ ਤੋਂ ਦੂਰ ਹੁੰਦੀ ਜਾ ਰਹੀ ਸਿੱਖਿਆ, ਸਿਹਤ ਸਹੂਲਤਾਂ ਦੀ ਘਾਟ, ਰਿਸ਼ਤਾ-ਨਾਤਾ ਪ੍ਰਬੰਧ ਦਾ ਬਦਲਦਾ ਸਰੂਪ, ਵਧ ਰਹੀ ਅਸਹਿਣਸ਼ੀਲਤਾ ਅਤੇ ਨਵੀਂ ਤਕਨਾਲੋਜੀ ਵਰਗੇ ਬਹੁਤ ਸਾਰੇ ਮੁੱਦੇ ਅਤੇ ਮਸਲੇ ਪੰਜਾਬੀ ਸਮਾਜ ਲਈ ਗੰਭੀਰ ਸੋਚ-ਵਿਚਾਰ ਦੀ ਮੰਗ ਕਰਦੇ ਹਨ। ਇਸ ਕਾਨਫ਼ਰੰਸ ਦੇ ਮਾਧਿਅਮ ਰਾਹੀਂ ਉਪਰੋਕਤ ਮੁੱਦੇ ਅਤੇ ਭਵਿਖ ਦੇ ਵਿਕਾਸ ਲਈ ਦ੍ਰਿਸ਼ਟੀਕੋਣ ਨੂੰ ਖੋਜਣਾ ਸਾਡਾ ਮੁੱਖ ਮਨੋਰਥ ਹੈ। ਇਹਨਾਂ ਸਮੱਸਿਆਵਾਂ ਦਾ ਸਾਰਥਕ ਹੱਲ ਸਿਰਫ਼ ਸੰਵਾਦ ਹੈ। ਇਸੇ ਉਦੇਸ਼ ਦੀ ਪੂਰਤੀ ਲਈ ਇਸ ਕਾਨਫ਼ਰੰਸ ਦਾ ਵਿਸ਼ਾ **ਸਮਕਾਲੀਨ ਸਮਾਜ ਵਿੱਚ ਪੰਜਾਬੀ : ਭਵਿਖਮੁਖੀ ਦ੍ਰਿਸ਼ਟੀਕੋਣ** ਰੱਖਿਆ ਗਿਆ ਹੈ। ਇਸ ਕਾਨਫ਼ਰੰਸ ਵਿੱਚ ਵੱਖ-ਵੱਖ ਫ਼ੈਕਲਟੀਆਂ (**ਸਮਾਜ-ਵਿਗਿਆਨ ਫ਼ੈਕਲਟੀ, ਭਾਸ਼ਾ ਫ਼ੈਕਲਟੀ, ਕਾਨੂੰਨ ਫ਼ੈਕਲਟੀ, ਆਰਟਸ ਅਤੇ ਸਭਿਆਚਾਰ ਫ਼ੈਕਲਟੀ, ਬਿਜਨੈੱਸ ਸਟੱਡੀਜ਼ ਫ਼ੈਕਲਟੀ, ਕੰਪਿਊਟਰ ਸਾਇੰਸ ਫ਼ੈਕਲਟੀ, ਐਜੂਕੇਸ਼ਨ ਅਤੇ ਇਨਫਰਮੇਸ਼ਨ ਸਾਇੰਸ ਫ਼ੈਕਲਟੀ, ਇੰਜੀਨੀਅਰਿੰਗ ਫ਼ੈਕਲਟੀ, ਲਾਈਫ਼ ਸਾਇੰਸ ਫ਼ੈਕਲਟੀ, ਮੈਡੀਸਨ ਫ਼ੈਕਲਟੀ ਅਤੇ ਫ਼ਿਜ਼ੀਕਲ ਸਾਇੰਸ ਫ਼ੈਕਲਟੀ**) ਨਾਲ ਸੰਬੰਧਿਤ ਖੋਜ-ਪੱਤਰ ਪੜ੍ਹੇ ਜਾਣੇ ਹਨ।

**ਆਪ ਜੀ ਨੂੰ ਬੇਨਤੀ ਹੈ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਿਤ ਸਾਰੇ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨਾਂ ਨੂੰ ਸੂਚਿਤ ਕੀਤਾ ਜਾਵੇ ਜੀ ਤਾਂ ਜੋ ਉਹ ਆਪਣੇ ਕਾਲਜ ਦੀਆਂ ਵੱਖ-ਵੱਖ ਫ਼ੈਕਲਟੀਆਂ ਦੇ ਅਧਿਆਪਕਾਂ/ਖੋਜਾਰਥੀਆਂ ਨੂੰ ਖੋਜ-ਪੱਤਰ ਪੇਸ਼ ਕਰਨ ਲਈ ਸੂਚਿਤ ਕਰਨ ਜੀ।**

ਕਾਨਫ਼ਰੰਸ ਦੇ ਵਿਧੀਵਤ ਪ੍ਰੋਗਰਾਮ ਸੰਬੰਧੀ ਬਾਅਦ ਵਿੱਚ ਸੂਚਿਤ ਕਰ ਦਿੱਤਾ ਜਾਵੇਗਾ। ਕਾਨਫ਼ਰੰਸ ਦੀ ਪ੍ਰਥਾ ਅਨੁਸਾਰ ਪੜ੍ਹਿਆ ਜਾਣ ਵਾਲਾ ਖੋਜ-ਪੱਤਰ ਫੋਟੋਸਟੇਟ ਕਰਵਾ ਕੇ ਕਾਨਫ਼ਰੰਸ ਵਿੱਚ ਮੌਜੂਦ ਡੈਲੀਗੇਟਾਂ ਨੂੰ ਮੌਕੇ 'ਤੇ ਵੰਡਿਆ ਜਾਣਾ ਹੈ, ਇਸ ਲਈ ਬੇਨਤੀ ਹੈ ਕਿ ਕਾਲਜਾਂ ਦੀਆਂ ਵੱਖ-ਵੱਖ ਫ਼ੈਕਲਟੀਆਂ ਦੇ ਜਿਹੜੇ ਵੀ ਅਧਿਆਪਕ/ਖੋਜਾਰਥੀ ਇਸ ਕਾਨਫ਼ਰੰਸ ਵਿੱਚ ਖੋਜ-ਪੱਤਰ ਪੇਸ਼ ਕਰਨਾ ਚਾਹੁੰਦੇ ਹੋਣ, ਉਹ ਕਿਸੇ ਵੀ ਪੰਜਾਬੀ ਫੌਂਟ ਵਿੱਚ ਆਪਣੇ ਖੋਜ-ਪੱਤਰ ਦਾ **ਸੰਖੇਪ-ਸਾਰ** ਟਾਈਪ ਕਰਕੇ ਮਿਤੀ **14 ਨਵੰਬਰ, 2023** ਤਕ ਸਾਡੇ ਈ-ਮੇਲ ਪਤੇ headofdpd@gmail.com 'ਤੇ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।

ਸਹਿਯੋਗ ਦੀ ਆਸ ਵਿਚ,

ਹਿਤੂ,

ਪਰਮਿੰਦਰਜੀਤ ਕੌਰ
**ਪਰਮਿੰਦਰਜੀਤ ਕੌਰ (ਡਾ.)** 7.11.2023

**ਡੀਨ, ਕਾਲਜ ਵਿਕਾਸ ਕੌਂਸਲ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

... email ...
07.11.23